# ਰੈਪਿਡ ਸਕਰੀਨਿੰਗ ਟੈਸਟ

# ਸਕੂਲ ਪ੍ਰੋਗਰਾਮ

### ਮਾਪਿਆਂ, ਵਿਦਿਆਰਥੀਆਂ ਅਤੇ ਸਕੂਲ ਸਟਾਫ ਲਈ ਜਾਣਕਾਰੀ

## ਸਕੂਲ 'ਚ ਰੈਪਿਡ ਸਕਰੀਨਿੰਗ ਟੈਸਟ

ਰੈਪਿਡ ਸਕਰੀਨਿੰਗ ਟੈਸਟ ਪ੍ਰੋਗਰਾਮ ਦਾ ਹੋਰ ਵਧੇਰੇ ਸਕੂਲਾਂ ਅਤੇ ਖੇਤਰਾਂ ਤੱਕ ਵਿਸਤਾਰ ਹੋਰ ਰਿਹਾ ਹੈ। ਵਿਦਿਆਰਥੀਆਂ ਅਤੇ ਸਟਾਫ ਦੀ ਸਕਰੀਨਿੰਗ ਨਾਲ ਝਟਪਟ ਉਨ੍ਹਾਂ ਲੋਕਾਂ ਦੀ ਪਛਾਣ ਹੋ ਸਕਦੀ ਹੈ, ਜਿੰਨ੍ਹਾਂ ਨੂੰ ਕੋਈ ਰੋਗ-ਲੱਛਣ ਨਹੀਂ, ਪਰ ਕੌਵਿਡ-19 ਹੋ ਸਕਦਾ ਹੈ।

ਇਸ ਨਾਲ ਵਿਦਿਆਰਥੀ ਅਤੇ ਸਟਾਫ ਆਪਣੇ ਆਪ ਲਈ ਜਲਦੀ ਇਕਾਂਤਵਾਸ ਕਰ ਸਕਣਗੇ ਅਤੇ ਵਾਇਰਸ ਦੇ ਫੈਲਾਅ ਨੂੰ ਘਟਾਉਣ 'ਚ ਮਦਦ ਕਰ ਸਕਣਗੇ।

ਰੈਪਿਡ ਸਕਰੀਨਿੰਗ ਟੈਸਟ, ਸਕੂਲਾਂ 'ਚ ਪਹਿਲਾਂ ਹੀ ਲਾਗੂ ਹੈਲਥ ਉਪਾਵਾਂ ਦੇ ਨਾਲ ਨਾਲ ਇਕ ਹੋਰ ਵਧੀਕ ਉਪਾਅ ਹਨ, ਤਾਂ ਜੋ ਵਿਦਿਆਰਥੀਆਂ ਅਤੇ ਸਟਾਫ ਸੁਰੱਖਿਅਤ ਰੱਖੇ ਜਾ ਸਕਣ।

ਸਕੂਲਾਂ ਦੀ ਚੋਣ ਕਈ ਸਾਰੇ ਕਾਰਨਾਂ ਦੇ ਆਧਾਰ 'ਤੇ ਕੀਤੀ ਜਾਵੇਗੀ, ਜਿੰਨ੍ਹਾਂ 'ਚ ਸ਼ਾਮਲ ਹੈ ਕਿ ਕਿਸੇ ਸਕੂਲ ਜਾਂ ਕਮਿਊਨਿਟੀ 'ਚ ਕੌਵਿਡ-19 ਦੇ ਮਾਮਲੇ ਕਿੰਨੇ ਕੁ ਪ੍ਰਚਲਤ ਹਨ।

## ਸਹਿਮਤੀ

ਟੈਸਟ ਸਟਾਫ ਅਤੇ ਵਿਦਿਆਰਥੀਆਂ ਲਈ ਸਵੈ-ਇੱਛੁਕ ਹਨ। ਤੁਸੀਂ ਸਹਿਮਤੀ ਦੇ ਫਾਰਮ ਉਪਰ ਆਪਣਾ ਫੈਸਲਾ ਦੱਸ ਸਕਦੇ ਹੋ, ਜੇਕਰ ਤੁਸੀਂ ਪ੍ਰੋਗਰਾਮ 'ਚ ਭਾਗ ਲੈਣਾ ਜਾਂ ਨਹੀਂ।

## ਕਦਮ

ਪ੍ਰੋਗਰਾਮ 'ਚ ਸ਼ਾਮਲ ਸਕੂਲ ਤੁਹਾਨੂੰ ਰੈਪਿਡ ਸਕਰੀਨਿੰਗ ਟੈਸਟ ਦੀਆਂ ਤਰੀਕਾਂ ਦੱਸਣਗੇ। ਹੈਲਥ ਪ੍ਰੋਫੈਸ਼ਨਲਾਂ ਦੀ ਇਕ ਟੀਮ ਸਕੂਲ ਦੇ ਸਮੇਂ ਦੌਰਾਨ ਸਕੂਲ 'ਚ ਹੋਵੇਗੀ ਅਤੇ ਉਨ੍ਹਾਂ ਵਿਅਕਤੀਆਂ ਦੇ ਟੈਸਟ ਕਰੇਗੀ ਜਿੰਨ੍ਹਾਂ ਨੂੰ ਕੌਵਿਡ-19 ਦੇ ਕੋਈ ਰੋਗ-ਲੱਛਣ ਨਹੀਂ ਹਨ ਅਤੇ ਜਿਹੜੇ ਰੋਗ ਦੀ ਪੁਸ਼ਟੀ ਹੋ ਚੁੱਕੇ ਕਿਸੇ ਵਿਅਕਤੀ ਨਾਲ ਨਿਕਟ ਸੰਪਰਕ 'ਚ ਨਹੀਂ ਹਨ। ਉਹ ਲੋਕ ਜਿਹੜੇ ਸਕੂਲ ਤੋਂ ਬਾਹਰ ਇਕਾਂਤਵਾਸ ਕਰ ਰਹੇ ਜਾਂ ਕੁਆਰਟੀਨ 'ਚ ਹਨ, ਟੈਸਟ ਨਹੀਂ ਕਰਵਾ ਸਕਦੇ।

ਰੈਪਿਡ ਸਕਰੀਨਿੰਗ ਟੈਸਟ ਤਕਰੀਬਨ ਇਕ ਹਫਤੇ ਦੀ ਵਿੱਥ 'ਤੇ ਕਿਸੇ ਸਕੂਲ 'ਚ ਦੋ ਵਾਰੀਆਂ ਤੱਕ ਕੀਤੇ ਜਾ ਸਕਦੇ ਹਨ। ਇਸ ਨਾਲ ਉਨ੍ਹਾਂ ਵਧੇਰੇ ਲੋਕਾਂ ਦੀ ਪਛਾਣ ਕਰਨ ਦੇ ਮੌਕੇ ਵਧ ਸਕਦੇ ਹਨ, ਜਿੰਨ੍ਹਾਂ ਨੂੰ ਜਿੰਨੀ ਜਲਦੀ ਸੰਭਵ ਹੋ ਸਕੇ, ਇਕਾਂਤਵਾਸ ਕਰਨ ਦੀ ਲੋੜ ਹੋ ਸਕਦੀ ਹੈ।

## ਰੈਪਿਡ ਸਕਰੀਨਿੰਗ ਟੈਸਟ ਕਰਾਉਣਾ

ਇਕ ਹੈਲਥ ਪ੍ਰੋਫੈਸ਼ਨਲ ਨੱਕ ਦੇ ਬਿਲਕੁਲ ਅੰਦਰ ਇਕ ਨੇਜ਼ਲ ਸਵਾਬ (ਤੂੰਬਾ) ਪਾਵੇਗਾ। ਇਹ ਸਵਾਬ ਫਿਰ ਇਹ ਪਛਾਣ ਕਰਨ ਲਈ ਟੈਸਟ ਕੀਤਾ ਜਾਵੇਗਾ ਕਿ ਕੀ ਵਿਅਕਤੀ ਨੂੰ ਕੌਵਿਡ-19 ਹੋਇਆ ਹੋ ਸਕਦਾ ਹੈ ਜਾਂ ਨਹੀਂ ।

ਰੈਪਿਡ ਸਕੀਨਿੰਗ ਟੈਸਟ ਵਰਤਿਆ ਜਾਂਦਾ ਸਵਾਬ ਆਮ ਕਰਕੇ ਵਧੇਰੇ ਸੁਖਾਲਾ ਅਤੇ ਘੱਟ ਜਲਣ ਵਾਲਾ ਹੁੰਦਾ ਹੈ ਮੁਕਾਬਲਤਨ ਉਸ ਸਵਾਬ ਦੇ ਜਿਹੜਾ ਕੌਵਿਡ-19 ਦੇ ਐਲਬਰਟਾ ਹੈਲਥ ਸਰਵਿਸਿਜ਼ (AHS) ਦੇ ਟੈਸਟ ਸੈਂਟਰਾਂ 'ਚ ਆਮ ਤੌਰ 'ਤੇ ਵਰਤਿਆ ਜਾਂਦਾ ਹੈ।

ਵਿਦਿਆਰਥੀ ਅਤੇ ਸਟਾਫ ਮੈਂਬਰ ਨਤੀਜ਼ਿਆਂ ਦੀ ਉਡੀਕ ਕਰਨ ਤੱਕ ਕਲਾਸ 'ਚ ਵਾਪਸ ਜਾ ਸਕਦੇ ਹਨ।

## ਨਤੀਜ਼ੇ

### ਨੈਗੇਟਿਵ ਨਤੀਜ਼ੇ

ਰੈਪਿਡ ਸਕਰੀਨਿੰਗ ਟੈਸਟ ਦੇ ਨੈਗੇਟਿਵ ਨਤੀਜ਼ਿਆਂ ਬਾਰੇ ਕੋਈ ਸੂਚਨਾਂ **ਨਹੀਂ** ਦਿੱਤੀ ਜਾਂਦੀ ਹੈ।

ਨੈਗੇਟਿਵ ਨਤੀਜ਼ਾ ਹੋਣਾ ਇਹ ਗਰੰਟੀ ਨਹੀਂ ਕਰਦਾ ਕਿ ਉਸ ਵਿਅਕਤੀ ਨੂੰ ਕੌਵਿਡ-19 ਨਹੀਂ ਹੈ ਜਾਂ ਉਸ ਨੂੰ ਬਾਦ 'ਚ ਇੰਨਫੈਕਸ਼ਨ ਨਹੀਂ ਹੋਵੇਗੀ ।

ਹਰੇਕ ਵਿਅਕਤੀ ਨੂੰ ਜਨਤਕ ਸਿਹਤ ਉਪਾਵਾਂ: ਸਰੀਰਕ ਦੂਰੀ, ਮਾਸਕ ਪਾਉਣਾ, ਇਕੋ ਹੀ ਗਰੁੱਪ 'ਚ ਵਿਚਰਨਾਂ ਅਤੇ ਬਾਕਾਇਦਾ ਹੱਥ ਧੋਂਦੇ ਰਹਿਣਾ, ਦੀ ਪਾਲਣਾ ਕਰਨੀ ਜਾਰੀ ਰੱਖਣੀ ਚਾਹੀਦੀ ਹੈ।

### ਪਾਜ਼ੇਟਿਵ ਨਤੀਜ਼ੇ

ਪਾਜ਼ੇਟਿਵ ਨਤੀਜ਼ੇ ਆਉਣ 'ਤੇ ਵਿਦਿਆਰਥੀ ਸਕੂਲ 'ਚ ਉਨਾਂ ਚਿਰ ਸੁਰੱਖਿਆ ਸਹਿਤ ਇਕਾਂਤਵਾਸ 'ਚ ਰਹੇਗਾ ਜਦੋਂ ਤੱਕ ਉਸ ਦੇ ਮਾਪਿਆਂ, ਜਾਂ ਸਰਪ੍ਰਸਤਾਂ ਨੂੰ ਆਪਣੇ ਬੱਚੇ ਨੂੰ ਲੈ ਕੇ ਜਾਣ ਵਾਸਤੇ ਸੰਪਰਕ ਨਹੀਂ ਕਰ ਲਿਆ ਜਾਂਦਾ।



©2021 Government of Alberta | Published April 2021

Classification: Public

ਜੇਕਰ ਕਿਸੇ ਸਟਾਫ ਮੈਂਬਰ ਨੂੰ ਪਾਜ਼ੇਟਿਵ ਟੈਸਟ ਨਤੀਜ਼ਾ ਪ੍ਰਾਪਤ ਹੁੰਦਾ ਹੈ ਤਾਂ ਉਹ ਸਕੂਲ 'ਚ ਉਨਾਂ ਚਿਰ ਸੁਰੱਖਿਆ ਸਹਿਤ ਵਿਕਾਂਤਵਾਸ ਕਰਨਗੇ ਜਦੋਂ ਤੱਕ ਉਹ ਉਥੋਂ ਚਲੇ ਨਹੀਂ ਜਾਂਦੇ।

ਪਾਜ਼ੇਟਿਵ ਰੈਪਿਡ ਟੈਸਟ ਨਤੀਜ਼ਾ ਇਹ ਪੁਸ਼ਟੀ **ਨਹੀਂ** ਕਰ ਸਕਦਾ ਕਿ ਉਸ ਵਿਅਕਤੀ ਨੂੰ ਕੌਂਵਿਡ-19 ਹੋਇਆ ਹੈ। ਕੇਵਲ ਕਿਸੇ **ਏ ਐੱਚ ਐੱਸ ਟੈਸਟਿੰਗ ਸਾਈਟ** 'ਤੇ ਕੀਤਾ ਗਿਆ ਲੈਬ-ਆਧਾਰਿਤ ਕੌਂਵਿਡ-19 ਦਾ ਵਧੇਰੇ ਸਹੀ ਟੈਸਟ ਹੀ ਕੌਂਵਿਡ-19 ਇੰਨਫੈਕਸ਼ਨ ਦੇ ਹੋਣ ਦੀ ਪੁਸ਼ਟੀ ਕਰ ਸਕਦਾ ਹੈ।

ਐਪਰ, ਰੈਪਿਡ ਸਕਰੀਨਿੰਗ ਟੈਸਟ ਦੇ ਪਾਜ਼ੇਟਿਵ ਨਤੀਜੇ ਵਾਲੇ ਵਿਅਤਕੀ ਨੂੰ, ਜਿਸ ਦਿਨ ਉਨ੍ਹਾਂ ਦਾ ਟੈਸਟ ਕੀਤਾ ਗਿਆ ਹੋਵੇ, ਉਸ ਤੋਂ ਸ਼ੁਰੂ ਕਰਕੇ 10 ਦਿਨਾਂ ਲਈ ਇਕਾਂਤਵਾਸ ਕਰਨ ਦੀ ਜ਼ਰੂਰਤ ਹੋਵੇਗੀ, ਜਦੋਂ ਤੱਕ ਕਿ ਏ ਐੱਚ ਐੱਸ ਲੈਬ 'ਚ ਉਨ੍ਹਾਂ ਦਾ ਕੌਂਵਿਡ-19 ਟੈਸਟ ਨੈਗੇਟਿਵ ਨਹੀਂ ਆ ਜਾਂਦਾ।

ਰੈਪਿਡ ਸਕਰੀਨਿੰਗ ਟੈਸਟ ਦੇ ਪਾਜ਼ੇਟਿਵ ਨਤੀਜਿਆਂ ਵਾਲੇ ਸਟਾਫ ਅਤੇ ਵਿਦਿਆਰਥੀਆਂ ਨੂੰ ਕੌਂਵਿਡ-19 ਟੈਸਟ ਲਈ ਜਿੰਨੀ ਜਲਦੀ ਸੰਭਵ ਹੋ ਸਕੇ, ਆਪਣੀ ਐਪੁਆਇੰਟਮੈਂਟ www.ahs.ca/covid 'ਤੇ ਆਨਲਾਈਨ ਜਾਂ 811 'ਤੇ Health Link ਨੂੰ ਫੋਨ ਕਰਕੇ ਬੁੱਕ ਕਰਨੀ ਚਾਹੀਦੀ ਹੈ।

## ਨਿਕਟ ਸੰਪਰਕ

ਰੈਪਿਡ ਸਕਰੀਨਿੰਗ ਟੈਸਟ ਦਾ ਨਤੀਜਾ ਪਾਜ਼ੇਟਿਵ ਆ ਜਾਣ ਵਾਲੇ ਵਿਅਕਤੀਆਂ ਦੇ ਨਿਕਟ ਸੰਪਰਕ 'ਚ ਰਹਿੰਦੇ ਕਿਸੇ ਵਿਅਕਤੀ ਨੂੰ ਉਦੋਂ ਤੱਕ ਕੁਆਰਨਟੀਨ ਦੀ ਜ਼ਰੂਰਤ ਨਹੀਂ ਜਦੋਂ ਤੱਕ ਉਸ ਦੇ ਪਾਜ਼ੇਟਿਵ ਟੈਸਟ ਦੀ ਏ ਐੱਚ ਐੱਸ ਦੇ ਟੈਸਟ ਦੁਆਰਾ ਪੁਸ਼ਟੀ ਨਹੀਂ ਹੋ ਜਾਂਦੀ।

## ਪਹਿਲਾਂ ਦਾ ਪਾਜ਼ੇਟਿਵ ਟੈਸਟ

ਜੇਕਰ ਬੀਤੇ 90 ਦਿਨਾਂ 'ਚ ਕਿਸੇ ਵਿਅਕਤੀ ਦਾ ਟੈਸਟ ਪਾਜ਼ੇਟਿਵ ਆਇਆ ਹੈ, ਤਾਂ ਉਨ੍ਹਾਂ ਨੂੰ ਸਕੂਲ 'ਚ ਰੈਪਿਡ ਸਕਰੀਨਿੰਗ ਟੈਸਟ **ਨਹੀਂ** ਕਰਵਾਉਣਾ ਚਾਹੀਦਾ। ਕੁਝ ਉਹ ਵਿਅਕਤੀ ਜਿਹੜੇ ਕੌਂਵਿਡ-19 ਤੋਂ ਠੀਕ ਹੋ ਚੁੱਕੇ ਹਨ, ਉਨ੍ਹਾਂ ਦਾ ਰੈਪਿਡ ਸਕਰੀਨਿੰਗ ਟੈਸਟ ਦਾ ਨਤੀਜਾ 90 ਦਿਨਾਂ ਤੱਕ ਦੇ ਸਮੇਂ 'ਚ ਪਾਜ਼ੇਟਿਵ ਆ ਸਕਦਾ ਹੈ, ਭਾਵੇਂ ਕਿ ਉਨ੍ਹਾਂ ਨੂੰ ਹੁਣ ਇੰਨਫੈਕਸ਼ਨ ਨਾ ਵੀ ਹੋਵੇ।

ਕਿਰਪਾ ਕਰਕੇ ਇਸ ਪ੍ਰੋਗਰਾਮ 'ਚ ਸ਼ਾਮਲ ਹੋਣ ਵਾਸਤੇ ਆਪਣੇ ਬੱਚੇ ਲਈ ਸਹਿਮਤੀ ਮੁਹੱਈਆ **ਨਾ** ਕਰੋ, ਜੇਕਰ ਉਹ ਬੀਤੇ 90 ਦਿਨਾਂ 'ਚ ਕੌਂਵਿਡ-19 ਲਈ ਟੈਸਟ 'ਚ ਪਾਜ਼ੇਟਿਵ ਆ ਚੁੱਕੇ ਹਨ।

## ਕੌਂਵਿਡ-19 ਅਤੇ ਵੇਰੀਐਂਟ (ਹੋਰ ਰੂਪ)

ਕੇਵਲ ਐਲਬਰਟਾ ਹੈਲਥ ਸਰਵਿਸਿਜ਼ ਵੱਲੋਂ ਲੈਬ 'ਚ ਪੁਸ਼ਟੀ ਹੋਇਆ ਟੈਸਟ ਹੀ ਪੱਕੇ ਤੌਰ 'ਤੇ ਦੱਸ ਸਕਦਾ ਹੈ ਕਿ ਵਿਅਕਤੀ ਨੂੰ ਕੌਂਵਿਡ-19 ਹੈ ਜਾਂ ਨਹੀਂ ਅਤੇ ਕੀ ਇਹ ਚਿੰਤਾਜਨਕ ਵੇਰੀਐਂਟ ਹੈ।

## ਰੈਪਿਡ ਟੈਸਟਾਂ ਦਾ ਸਹੀਪਣ

ਰੈਪਿਡ ਸਕਰੀਨਿੰਗ ਟੈਸਟ ਉਨੇ ਸਹੀ ਨਹੀਂ ਜਿੰਨੇ ਏ ਐੱਚ ਐੱਸ ਰਾਹੀਂ ਲੈਬ ਤੋਂ ਪੁਸ਼ਟੀ ਹੋਏ ਟੈਸਟ।

ਕੋਈ ਵਿਅਕਤੀ ਜਿਸਨੂੰ ਰੋਗ-ਲੱਛਣ ਨਹੀਂ ਹਨ, ਰੈਪਿਡ ਟੈਸਟ 'ਚ ਉਸਦੇ ਗਲਤ ਪਾਜ਼ੇਟਿਵ ਟੈਸਟ ਨਤੀਜੇ ਆ ਜਾਣ ਦੀ ਸੰਭਾਵਨਾ ਘੱਟ ਹੈ। ਐਪਰ, ਰੈਪਿਡ ਸਕਰੀਨਿੰਗ ਟੈਸਟ ਦੇ ਸਾਰੇ ਪਾਜ਼ੇਟਿਵ ਨਤੀਜਿਆਂ ਦੀ ਫਿਰ ਵੀ ਏ ਐੱਚ ਐੱਸ ਲੈਬ-ਟੈਸਟ ਰਾਹੀਂ ਪੁਸ਼ਟੀ ਕੀਤੇ ਜਾਣ ਦੀ ਜ਼ਰੂਰਤ ਹੈ।

ਰੋਗ-ਲੱਛਣ ਨਾ ਦਰਸਾਉਣ ਵਾਲੇ ਕਿਸੇ ਵਿਅਕਤੀ ਦਾ ਗਲਤ ਨੈਗੇਟਿਵ ਨਤੀਜਾ ਆ ਜਾਣ ਦੀ ਸੰਭਾਵਨਾਂ ਜ਼ਿਆਦਾ ਹੈ। ਰੈਪਿਡ ਸਕਰੀਨਿੰਗ ਟੈਸਟ 'ਚ ਨੈਗੇਟਿਵ ਨਤੀਜਾ ਆ ਜਾਣ ਦਾ ਇਹ ਮਲਤਬ ਨਹੀਂ ਕਿ ਵਿਅਕਤੀ ਨੂੰ ਇੰਨਫੈਕਸ਼ਨ ਨਹੀਂ ਹੈ ਜਾਂ ਉਹ ਇੰਨਫੈਕਸ਼ਨ ਲਗਾ ਸਕਣ ਵਾਲਾ ਨਹੀਂ ਹੋ ਸਕਦਾ।

## ਵਧੀਕ ਸਵਾਲ

ਜੇਕਰ ਇਸ ਸਕੂਲ ਰੈਪਿਡ ਸਕਰੀਨਿੰਗ ਟੈਸਟ ਪ੍ਰੋਗਰਾਮ ਬਾਰੇ ਤੁਹਾਡੇ ਕੋਈ ਸਵਾਲ ਹੋਣ ਤਾਂ ਕਿਰਪਾ ਕਰਕੇ ਈਮੇਲ ਕਰੋ:
EDC.SchoolRapidTesting@gov.ab.ca.
ਕੌਂਵਿਡ-19 ਬਾਰੇ ਤਾਜ਼ਾ ਜਾਣਕਾਰੀ ਲਈ ਵੇਖੋ:
www.alberta.ca/Covid19


©2021 Government of Alberta | Published April 2021

Classification: Public